Australian Government
Department of Social Services

# ਨਵੇਂ ਆਉਣ ਵਾਲੇ ਨਿਵਾਸੀਆਂ ਦੀ ਉਡੀਕ ਸਮੇਂ ਤੋਂ ਛੋਟ

ਨਵੇਂ ਆਉਣ ਵਾਲੇ ਨਿਵਾਸੀਆਂ ਦੀ ਉਡੀਕ ਦਾ ਸਮਾਂ (Newly Arrived Resident's Waiting Period) ਉਹ ਸਮਾਂ ਹੁੰਦਾ ਹੈ ਜਿਹੜਾ ਨਵੇਂ ਪ੍ਰਵਾਸੀਆਂ ਨੂੰ ਉਡੀਕਣਾ ਪੈਂਦਾ ਹੈ ਜਿਸ ਤੋਂ ਬਾਅਦ ਉਹ ਆਸਟਰੇਲੀਅਨ ਸਰਕਾਰ ਤੋਂ ਕੁਝ ਅਦਾਇਗੀਆਂ ਦੀ ਪਹੁੰਚ ਕਰ ਸੱਕਣਗੇ।

ਉਡੀਕ ਸਮੇਂ ਦੀ ਲੰਬਾਈ ਕਿਸੇ ਵਿਅਕਤੀ ਦੀ ਸਥਿਤੀ ਅਤੇ ਭੁਗਤਾਨ ਦੀ ਕਿਸਮ 'ਤੇ ਨਿਰਭਰ ਕਰਦੀ ਹੈ।

ਕੁਝ ਲੋਕਾਂ ਨੂੰ ਉਡੀਕ ਸਮੇਂ ਤੋਂ ਕੁੱਝ ਜਾਂ ਸਾਰੀਆਂ ਵੈਲਫੇਅਰ ਅਦਾਇਗੀਆਂ ਤੋਂ ਛੋਟ ਮਿਲ ਸਕਦੀ ਹੈ। ਇਸ ਦਾ ਮਤਲਬ ਹੈ ਕਿ ਉਨ੍ਹਾਂ ਨੂੰ ਉਡੀਕ ਕਰਨ ਦੀ ਲੋੜ ਨਹੀਂ ਹੋ ਸਕਦੀ ਜਾਂ ਉਨ੍ਹਾਂ ਦੀ ਉਡੀਕ ਦਾ ਸਮਾਂ ਘਟਾਇਆ ਜਾ ਸਕਦਾ ਹੈ।

## ਜਿਹਨਾਂ ਲੋਕਾਂ ਨੂੰ ਅਦਾਇਗੀਆਂ ਲੈਣ ਲਈ ਉਡੀਕਣ ਦੀ ਲੋੜ ਨਹੀਂ ਕਰਨੀ ਪਵੇਗੀ

ਨਵੇਂ ਆਏ ਨਿਵਾਸੀਆਂ ਦੀ ਉਡੀਕ ਦਾ ਸਮਾਂ ਕੁਝ ਜਾਂ ਸਾਰੀਆਂ ਅਦਾਇਗੀਆਂ ਲਈ ਜਾਂ ਰਿਆਇਤ ਕਾਰਡਾਂ ਲਈ ਲਾਗੂ ਨਹੀਂ ਹੋਵੇਗਾ:

| ਸ਼੍ਰੇਣੀ | ਹੇਠ ਲਿਖਿਆਂ ਲਈ ਤੁਰੰਤ ਪਹੁੰਚ, ਜਿਥੇ ਯੋਗਤਾ ਹੋਵੇ |
|---|---|
| ਆਸਟਰੇਲੀਅਨ ਨਾਗਰਿਕ | ਸਾਰੀਆਂ ਅਦਾਇਗੀਆਂ ਅਤੇ ਰਿਆਇਤ ਕਾਰਡ |
| ਸਥਾਈ ਸ਼ਰਨਾਰਥੀ ਅਤੇ ਮਾਨਤਾਵਾਦੀ ਵੀਜ਼ਾ ਦੇ ਧਾਰਕ (ਸ਼ਰਨਾਰਥੀ) (ਸਬਕਲਾਸਾਂ 200, 201, 202, 203, 204, 851 ਅਤੇ 866) | ਸਾਰੀਆਂ ਅਦਾਇਗੀਆਂ ਅਤੇ ਰਿਆਇਤ ਕਾਰਡ |
| ਸਾਬਕਾ ਸ਼ਰਨਾਰਥੀ (ਜਿਨ੍ਹਾਂ ਲੋਕਾਂ ਕੋਲ ਪਹਿਲਾਂ ਉਪਰੋਕਤ ਸਥਾਈ ਸ਼ਰਨਾਰਥੀ ਜਾਂ ਮਾਨਤਾਵਾਦੀ ਦਾਖਲੇ ਦਾ ਵੀਜ਼ੇ ਸਨ) | ਸਾਰੀਆਂ ਅਦਾਇਗੀਆਂ ਅਤੇ ਰਿਆਇਤ ਕਾਰਡ |
| ਸ਼ਰਨਾਰਥੀਆਂ ਅਤੇ ਸਾਬਕਾ ਸ਼ਰਨਾਰਥੀਆਂ ਦੇ ਬੱਚੇ ਅਤੇ ਭਾਈਵਾਲ | ਸਾਰੀਆਂ ਅਦਾਇਗੀਆਂ ਅਤੇ ਰਿਆਇਤ ਕਾਰਡ |

| ਸ਼੍ਰੇਣੀ | ਹੇਠ ਲਿਖਿਆਂ ਲਈ ਤੁਰੰਤ ਪਹੁੰਚ, ਜਿਥੇ ਯੋਗਤਾ ਹੋਵੇ |
|---|---|
| ਸੰਬੋਧਿਤ ਰਹਾਈ ਦੇ ਧਾਰਕ (ਸਥਾਈ) ਵੀਜ਼ੇ (ਸਬਕਲਾਸ 852) | ਸਾਰੀਆਂ ਅਦਾਇਗੀਆਂ ਅਤੇ ਰਿਆਇਤ ਕਾਰਡ |
| ਕੁਝ ਟੈਂਮਪਰੇਰੀ ਮਾਨਤਾਵਾਦੀ ਵੀਜ਼ਿਆਂ ਦੇ ਧਾਰਕ (ਸਬਕਲਾਸਾਂ 060, 070, 449, 785, 786 ਅਤੇ 790) | • ਵਿਸ਼ੇਸ਼ ਲਾਭ (Special Benefit)<br>• ਪਰਿਵਾਰਕ ਟੈਕਸ ਲਾਭ ਭਾਗ A (Family Tax Benefit Part A)<br>• ਪੈਰੰਟਲ ਲੀਵ ਅਦਾਇਗੀ (Parental Leave Pay)<br>• ਡੈਡ ਐਂਡ ਪਾਰਟਨਰ ਪੇ (Dad and Partner Pay) |
| ਕੁਝ ਦੇਖ ਭਾਲ ਕਰਨ ਵਾਲਿਆਂ ਦੇ ਵੀਜ਼ਿਆਂ ਦੇ ਧਾਰਕ (ਸਬਕਲਾਸਾਂ 836 ਅਤੇ 116) | • ਦੇਖ ਭਾਲ ਕਰਨ ਵਾਲਿਆਂ ਦੀ ਅਦਾਇਗੀ (Carer Payment)<br>• ਦੇਖ ਭਾਲ ਕਰਨ ਵਾਲਿਆਂ ਦਾ ਅਲਾਉਂਸ (Carer Allowance) |
| ਨੀਊ ਜ਼ੀਲੈਂਡ ਨਾਗਰਿਕ ਜਿਹੜੇ ਖਾਸ ਸ਼੍ਰੇਣੀ ਵੀਜ਼ਾ ਦੇ ਧਾਰਕ ਹਨ (ਸਬਕਲਾਸ 444 ਦੇ ਅਜੋਕੇ ਅਤੇ ਸਾਬਕਾ ਧਾਰਕ) | • ਪਰਿਵਾਰਕ ਟੈਕਸ ਲਾਭ ਭਾਗ A (Family Tax Benefit Part A)<br>• ਪੈਰੰਟਲ ਲੀਵ ਅਦਾਇਗੀ (Parental Leave Pay)<br>• ਡੈਡ ਐਂਡ ਪਾਰਟਨਰ ਪੇ (Dad and Partner Pay) |
| ਅਨਾਥ ਰਿਸ਼ਤੇਦਾਰ ਅਤੇ ਬਾਕੀ ਰਹਿੰਦੇ ਰਿਸ਼ਤੇਦਾਰਾਂ ਦੇ ਵੀਜ਼ਿਆਂ ਦੇ ਧਾਰਕ (ਸਬਕਲਾਸਾਂ 115, 117, 835 ਅਤੇ 837) | • ਪਰਿਵਾਰਕ ਟੈਕਸ ਲਾਭ ਭਾਗ A (Family Tax Benefit Part A)<br>• ਪੈਰੰਟਲ ਲੀਵ ਅਦਾਇਗੀ (Parental Leave Pay)<br>• ਡੈਡ ਐਂਡ ਪਾਰਟਨਰ ਪੇ (Dad and Partner Pay)<br>• ਦੇਖ ਭਾਲ ਕਰਨ ਵਾਲਿਆਂ ਦਾ ਅਲਾਉਂਸ (Carer Allowance) |
| ਸਾਰੇ ਨਵੇਂ ਆਏ ਪ੍ਰਵਾਸੀ ਜਿਨ੍ਹਾਂ ਕੋਲ ਫੈਮਿਲੀ ਟੈਕਸ ਬੈਨੀਫਿਟ ਯੋਗ ਬੱਚਾ (Family Tax Benefit eligible child) ਹੈ | • ਘੱਟ ਆਮਦਨ ਸਿਹਤ ਦੇਖ ਭਾਲ ਕਾਰਡ (Low Income Health Care Card) |

ਕੋਈ ਵਿਅਕਤੀ ਜੋ ਕਿਸੇ ਖਾਸ ਜਾਂ ਰਿਆਇਤ ਕਾਰਡ ਦੇ ਉਡੀਕ ਸਮੇਂ ਤੋਂ ਮੁਕਤ ਹੁੰਦਾ ਹੈ, ਉਸ ਲਈ ਹੋਰ ਭੁਗਤਾਨਾਂ ਅਤੇ ਰਿਆਇਤ ਕਾਰਡਾਂ ਲਈ ਉਡੀਕ ਦਾ ਸਮਾਂ ਹੋ ਸਕਦਾ ਹੈ।

## ਉਹ ਲੋਕ ਜਿਨ੍ਹਾਂ ਦੇ ਹਾਲਾਤ ਬਦਲ ਜਾਂਦੇ ਹਨ

ਉਨ੍ਹਾਂ ਲੋਕਾਂ ਲਈ ਵੀ ਛੋਟ ਹਨ ਜਿਨ੍ਹਾਂ ਦੇ ਉਡੀਕ ਕਰਦੇ ਸਮੇਂ ਹਾਲਾਤ ਬਦਲ ਜਾਂਦੇ ਹਨ। ਇਹ ਛੋਟਾਂ ਸਿਰਫ ਹੇਠਾਂ ਦਿੱਤੇ ਕੁਝ ਭੁਗਤਾਨਾਂ ਜਾਂ ਰਿਆਇਤ ਕਾਰਡਾਂ 'ਤੇ ਲਾਗੂ ਹੁੰਦੀਆਂ ਹਨ:

| ਸਥਿਤੀ | ਛੋਟਾਂ ਲਈ ਲਾਇਕ ਹਨ |
|---|---|
| ਕੋਈ ਵਿਅਕਤੀ ਜਿਸ ਦੇ ਉਡੀਕ ਸਮੇਂ ਦੀ ਸ਼ੁਰੂਆਤ ਤੋਂ ਬਾਅਦ ਹਾਲਾਤ ਕਾਫੀ ਬਦਲ ਗਏ ਹਨ ਅਤੇ ਜਿਸ ਕਾਰਨ ਉਸ ਨੂੰ ਕੁਝ ਵਿੱਤੀ ਔਕੜਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।<br>(ਸਪਸ਼ਟੀਕਰਨ ਲਈ ਹੇਠਾਂ ਵੇਖੋ) | • ਵਿਸ਼ੇਸ਼ ਲਾਭ (Special Benefit)<br>• ਘੱਟ ਆਮਦਨ ਸਿਹਤ ਦੇਖ ਭਾਲ ਕਾਰਡ (Low Income Health Care Card) |

| ਸਥਿਤੀ | ਛੋਟਾਂ ਲਈ ਲਾਇਕ ਹਨ |
|---|---|
| ਕੋਈ ਵਿਅਕਤੀ ਜਿਹੜਾ ਆਸਟਰੇਲੀਅਨ ਨਾਗਰਿਕ ਬਣਨ ਤੋਂ ਬਾਅਦ ਇਕੱਲਾ ਮਾਪਾ ਬਣ ਜਾਂਦਾ/ਜਾਂਦੀ ਹੈ | • ਮਾਪਿਆਂ ਲਈ ਅਦਾਇਗੀ (Parenting Payment)<br>• ਨੀਊ ਸਟਾਰਟ ਅਲਾਉਂਸ (Newstart Allowance)<br>• ਯੂਥ ਅਲਾਉਂਸ (Youth Allowance)<br>• ਫਾਰਮ ਹਾਊਸਹੋਲਡ ਅਲਾਉਂਸ (Farm Household Allowance) |
| ਕੋਈ ਵਿਅਕਤੀ ਜਿਸ ਨੂੰ ਆਮਦਨ ਸਹਾਇਤਾ (income support) ਪ੍ਰਾਪਤ ਕਰ ਰਿਹਾ ਹੈ ਕਿਉਂਕਿ ਉਹ ਉਪਰੋਕਤ ਕਾਰਨਾਂ ਕਰਕੇ ਉਡੀਕ ਸਮੇਂ ਤੋਂ ਮੁਕਤ ਹੈ | • ਦੇਖ ਭਾਲ ਕਰਨ ਵਾਲਿਆਂ ਦਾ ਅਲਾਉਂਸ (Carer Allowance)<br>• ਪਰਿਵਾਰਕ ਟੈਕਸ ਲਾਭ ਭਾਗ A (Family Tax Benefit Part A)<br>• ਪੈਰੰਟਲ ਲੀਵ ਅਦਾਇਗੀ (Parental Leave Pay)<br>• ਡੈਡ ਐਂਡ ਪਾਰਟਨਰ ਪੇ (Dad and Partner Pay) |

## ਕਾਫੀ ਹੱਦ ਤੱਕ ਹਾਲਾਤ ਬਦਲ ਜਾਣੇ

ਹਾਲਾਤਾਂ ਵਿੱਚ ਇੱਕ ਮਹੱਤਵਪੂਰਣ ਤਬਦੀਲੀ ਹੋਈ ਸਥਿਤੀ ਹੋ ਸਕਦੀ ਹੈ ਜਿਥੇ:

- ਕਿਸੇ ਵਿਅਕਤੀ ਦੇ ਬਿਮਾਰ ਜਾਂ ਜ਼ਖਮੀ ਹੋ ਜਾਣ ਕਾਰਨ ਉਸ ਨੂੰ ਕੰਮ ਛੱਡਣਾ ਪੈਂਦਾ ਹੈ
- ਕਿਸੇ ਵਿਅਕਤੀ ਦੇ ਪਰਿਵਾਰਕ ਮੈਂਬਰ ਦਾ ਬਿਮਾਰ ਜਾਂ ਅਪਾਹਜ ਹੋ ਜਾਣਾ ਜਿਸ ਕਾਰਨ ਉਸ ਨੂੰ ਕੰਮ ਛੱਡਣਾ ਪੈਣਾ ਕਿਉਂਕਿ ਉਨ੍ਹਾਂ ਨੂੰ ਸੰਭਾਲਣ ਵਾਲੇ ਕਿਸੇ ਹੋਰ ਦਾ ਨਾ ਹੋਣਾ
- ਕਿਸੇ ਵਿਅਕਤੀ ਦੇ ਸਾਥੀ ਜਾਂ ਉਨ੍ਹਾਂ ਨੂੰ ਆਸਟਰੇਲੀਆ ਆਉਣ ਲਈ ਸਪੋਨਸਰ ਕਰਨ ਵਾਲੇ ਦਾ ਬਿਮਾਰ ਜਾਂ ਅਪਾਹਜ ਹੋ ਜਾਣਾ ਜਿਸ ਕਾਰਨ ਉਨ੍ਹਾਂ ਦੀ ਦੇਖ ਭਾਲ ਕਰਨ ਤੋਂ ਉਸ ਦਾ ਅਸਮਰੱਥ ਹੋ ਜਾਣਾ।
- ਕਿਸੇ ਵਿਅਕਤੀ ਦੇ ਸਾਥੀ ਜਾਂ ਉਨ੍ਹਾਂ ਨੂੰ ਸਪੋਂਨਸਰ ਕਰਨ ਵਾਲੇ ਦਾ ਦਿਹਾਂਤ ਹੋ ਜਾਣਾ ਅਤੇ ਉਨ੍ਹਾਂ ਨੂੰ ਸਮਰਥਨ ਦੇਣ ਵਾਲਾ ਕੋਈ ਹੋਰ ਨਾ ਹੋਣਾ
- ਕੋਈ ਵਿੱਅਕਤੀ ਜਿਸ ਨੇ ਘਰੇਲੂ ਹਿੰਸਾ ਜਾ ਪਰਿਵਾਰਕ ਤਸ਼ੱਦਦ ਦਾ ਸਾਹਮਣਾ ਕੀਤਾ ਹੋਵੇ।

ਤੁਹਾਡੇ ਹਾਲਾਤਾਂ ਵਿੱਚ ਮਹੱਤਵਪੂਰਨ ਤਬਦੀਲੀ ਆਉਣ ਦੇ ਕਾਰਨ ਵਿਸ਼ੇਸ਼ ਲਾਭ ਪ੍ਰਾਪਤ ਕਰਨ ਲਈ, ਇੱਕ ਨਵੇਂ ਪ੍ਰਵਾਸੀ ਨੂੰ ਇਹ ਵਿਖਾਉਣ ਦੀ ਲੋੜ ਹੈ ਕਿ ਉਨ੍ਹਾਂ ਕੋਲ ਆਪਣਾ ਸਮਰਥਨ ਕਰਨ ਦਾ ਕੋਈ ਹੋਰ ਤਰੀਕਾ ਨਹੀਂ ਹੈ ਅਤੇ ਉਹ ਵਿੱਤੀ ਔਕੜਾਂ ਵਿਚੋਂ ਦੀ ਲੰਘ ਰਹੇ ਹਨ। ਉਨ੍ਹਾਂ ਨੂੰ ਵਿਸ਼ੇਸ਼ ਲਾਭ ਪ੍ਰਾਪਤ ਕਰਨ ਲਈ ਹੋਰ ਸਾਰੇ ਨਿਯਮਾਂ ਨੂੰ ਵੀ ਪੂਰੇ ਕਰਨ ਦੀ ਜ਼ਰੂਰਤ ਹੁੰਦੀ ਹੈ।

## ਛੋਟ ਲਈ ਅਰਜੀ ਕਿਵੇਂ ਦੇਣੀ ਹੈ

ਜਿਹੜੇ ਲੋਕ ਸੋਚਦੇ ਹਨ ਕਿ ਉਹ ਨਵੇਂ ਆਏ ਨਿਵਾਸੀਆਂ ਦੀ ਉਡੀਕ ਦੇ ਸਮੇਂ ਤੋਂ ਛੋਟ ਲਈ ਯੋਗ ਹੋ ਸਕਦੇ ਹਨ ਨੂੰ ਉਨ੍ਹਾਂ ਦੀ ਸਥਿਤੀ ਬਾਰੇ ਵਿਚਾਰ ਕਰਨ ਲਈ ਮਨੁਖੀ ਸੇਵਾਵਾਂ ਦੇ ਵਿਭਾਗ (Department of Human Services) ਨਾਲ ਸੰਪਰਕ ਕਰਨਾ ਚਾਹਿਦਾ ਹੈ।

ਉਡੀਕ ਸਮੇਂ ਤੋਂ ਛੋਟ ਪ੍ਰਾਪਤ ਕਰਨ ਲਈ, ਨਵੇਂ ਪ੍ਰਵਾਸੀਆਂ ਨੂੰ ਉਨ੍ਹਾਂ ਸੇਵਾਵਾਂ ਲਈ ਦਾਅਵਾ ਕਰਨ ਦੀ ਜ਼ਰੂਰਤ ਹੁੰਦੀ ਹੈ ਜੋ ਮਨੁਖੀ ਸੇਵਾਵਾਂ ਵਿਭਾਗ ਤੋਂ ਉਹ ਪ੍ਰਾਪਤ ਕਰਨੀਆਂ ਚਾਹੁੰਦੇ ਹਨ।

ਜਦੋਂ ਕੋਈ ਵਿਅਕਤੀ ਦਾਅਵਾ ਕਰਦਾ ਹੈ, ਉਹ ਇਹ ਨਿਰਧਾਰਤ ਕਰਨ ਵਿੱਚ ਸਹਾਇਤਾ ਲਈ ਸਵਾਲਾਂ ਦੇ ਜਵਾਬ ਦੇਣਗੇ ਕਿ ਉਹ ਉਡੀਕ ਸਮੇਂ ਤੋਂ ਛੋਟ ਲਈ ਯੋਗ ਹਨ ਜਾਂ ਨਹੀਂ।

ਜੇ ਕਿਸੇ ਵਿਅਕਤੀ ਨੂੰ ਉਡੀਕ ਸਮੇਂ ਤੋਂ ਛੋਟ ਲਈ ਯੋਗਤਾ ਮਿਲਦੀ ਹੈ ਤੇ ਉਹ ਭੁਗਤਾਨ ਲਈ ਸਾਰੀਆਂ ਲੋੜਾਂ ਪੂਰੀਆਂ ਕਰਦੇ ਹਨ, ਤਾਂ ਉਨ੍ਹਾਂ ਨੂੰ ਦਾਅਵਾ ਦਿੱਤਾ ਜਾਵੇਗਾ ਅਤੇ ਭੁਗਤਾਨ ਪ੍ਰਾਪਤ ਕਰਨਾ ਸ਼ੁਰੂ ਕਰ ਸਕਦੇ ਹਨ।

# ਵਧੇਰੇ ਜਾਣਕਾਰੀ

ਅਦਾਇਗੀਆਂ ਸਬੰਧੀ ਵਧੇਰੇ ਜਾਣਕਾਰੀ ਲਈ, ਇਥੇ ਜਾਓ
www.humanservices.gov.au/newresidentswaiting

ਆਪਣੀ ਭਾਸ਼ਾ ਵਿੱਚ ਵਧੇਰੇ ਜਾਣਕਾਰੀ ਲਈ, ਡਿਪਾਰਟਮੈਂਟ ਆਫ ਹਿਊਮਨ ਸਰਵਿਸਜ਼ ਮਲਟੀਲਿੰਗਯੂਅਲ ਸਰਵਿਸਜ਼ ਦੀ ਫੋਨ ਸਰਵਿਸ ਨੂੰ 131 202 ‘ਤੇ ਕਾਲ ਕਰੋ।